# ਔਰਤ ਦੀ ਵੰਗਾਰ

ਮੈਂ ਹਾਲੀ ਉਸ ਵੇਲੇ ਬਾਲੜੀ ਹੀ ਸਾਂ, ਜਦੋਂ ਇਕ ਵੱਡੀ ਬਿਲਡਿੰਗ ਬਣ ਰਹੀ ਸੀ, ਮੇਰੀ ਮਾਂ ਉਥੇ ਇੱਟਾਂ ਢੋਣ ਦਾ ਕੰਮ ਕਰਦੀ ਸੀ। ਮਾਂ ਮੈਨੂੰ ਦਾਦੀ ਦੇ ਕੋਲ ਇਕ ਰੁੱਖ ਦੀ ਛਾਂ ਥੱਲੇ ਛੱਡ ਆਪ ਰੋਜ਼ ਵਾਂਗ ਕੰਮ ਕਰਦੀ। ਮੈਂ ਖੇਡਦੇ ਖੇਡਦੇ ਵੇਖਿਆ ਕਿ ਮੇਰੀ ਦਾਦੀ ਊਂਘਣ ਲਗ ਪਈ ਸੀ। ਮੈਂ ਸ਼ਰਾਰਤ ਨਾਲ ਉਸਦੇ ਨੱਕ ਵਿਚ ਤੀਲਾ ਵਾੜ ਦਿੱਤਾ ਫਿਰ ਹੱਸਣ ਲਗ ਪਈ। ਦਾਦੀ ਅੱਭੜਵਾਹੇ ਉਠੀ ਤੇ ਮੇਰੇ ਹਸਦੀ ਦੇ ਚਪੇੜ ਮਾਰ ਦਿੱਤੀ, ਮੈਂ ਉਚੀ ਉਚੀ ਰੋਣ ਲਗ ਪਈ, ਦਾਦੀ ਨੇ ਮੇਰੇ ਵਲ ਇਕ ਦਮ ਵੇਖਿਆ, ਛੇਤੀ ਨਾਲ ਆਪਣੇ ਕਲਾਵੇ ਵਿਚ ਲਿਆ। ਰੋ ਨਾ ਮੇਰੀਏ ਬੱਚੜੀਏ, ਰੋਣਾ ਤਾਂ ਤੂੰ ਅਜੇ ਸਾਰੀ ਉਮਰ ਏ। ਦਾਦੀ ਦੇ ਇਹ ਸ਼ਬਦ ਮੇਰੀ ਜ਼ਿੰਦਗੀ ਦੇ ਸਫ਼ਰ ਦਾ ਸ਼ੁਰੂ ਸਨ, ਉਸ ਦੇ ਇਹ ਬੋਲ ਮੈਨੂੰ ਉਮਰ ਭਰ ਵੰਗਾਰ ਬਣ ਕੇ ਝੰਜੋੜਦੇ ਰਹੇ।

ਆਉਣ ਵਾਲੀ ਜ਼ਿੰਦਗੀ ਵਿਚ ਮੈਂ ਹਰ ਉਸ ਦਾਸਤਾਨ ਨੂੰ ਜਿਉਂਦਿਆਂ ਕੀਤਾ, ਜਿਸ ਵਿਚ ਇਹ ਵੰਗਾਰ ਸੀ ਕਿ ਔਰਤ ਜ਼ਿੰਦਗੀ ਭਰ ਰੋਂਦੀ ਹੀ ਕਿਉਂ ਰਵੇ ? ਉਹ ਕਿਉਂ ਨਾ ਆਪਣੀ ਲਾਚਾਰੀ ਤੇ ਮਜ਼ਬੂਰੀ ਦੀ ਜ਼ਿੰਦਗੀ ਨੂੰ ਬਦਲੇ। ਮੇਰਾ ਬਾਪੂ ਮੈਨੂੰ ਬੜਾ ਪਿਆਰ ਕਰਦਾ ਸੀ ਪਰ ਉਸਦੇ ਵਿਚ ਇਕ ਕਮਜ਼ੋਰੀ ਸੀ, ਦਾਰੂ ਪੀਣ ਦੀ। ਹਰ ਰੋਜ਼ ਉਹ ਸ਼ਾਮੀਂ ਘਰੇ ਦਾਰੂ ਪੀ ਕੇ ਹੀ ਵੜਦਾ ਸੀ। ਉਸ ਵੇਲੇ ਉਸ ਨੂੰ ਆਪੇ ਦੀ ਸੁੱਧ ਨਹੀਂ ਸੀ ਰਹਿੰਦੀ, ਉਹ ਹੋਰ ਹੀ ਕਿਰਦਾਰ ਦਾ ਮਾਲਕ ਬਣ ਜਾਂਦਾ ਸੀ, ਅਜੀਬੋ ਗਰੀਬ ਹਰਕਤਾਂ ਕਰਦਾ ਸੀ। ਮੇਰੀ ਮਾਂ ਤੇ ਹੱਥ ਚੁੱਕਣਾ ਉਨ੍ਹਾਂ ਵਿਚੋਂ ਇਕ ਸੀ। ਜਿਹੜੀ ਕਿ ਮੈਨੂੰ ਚੰਗੀ ਨਹੀਂ ਸੀ ਲਗਦੀ।

ਬਾਪੂ : ਮੈਂ ਸਾਲੀਏ ਤੇਰੀ ਜੁਬਾਨ ਖਿੱਚ ਲਵਾਂਗਾ

ਮਾਂ : ਛੱਡ ਦੇ ਮੈਨੂੰ, ਛੱਡ ਦੇ ਮੈਨੂੰ, ਤੂੰ ਪੀਤੀ ਹੋਈ ਏ

ਬਾਪੂ : ਹਾਂ, ਮੈਂ ਪੀਤੀ ਹੋਈ, ਸਾਰੀ ਦਿਹਾੜੀ ਹੱਡ ਭੰਨਵਾਈਏ, ਤੇ ਹੁਣ ਥਕਾਵਟ ਵੀ ਨਾ ਲਾਹੀਏ

ਧੀ : (ਬਾਪੂ ਦਾ ਹਥ ਫੜ ਲੈਂਦੀ ਹੈ ਤੇ ਉਚੀ ਆਵਾਜ਼ ਵਿਚ) ਬਾਪੂ... ਅੱਜ ਜਦੋਂ ਮੈਂ ਤੁਹਾਨੂੰ ਆਪਣੀ ਗਾਥਾ ਸੁਣਾ ਰਹੀ ਹਾਂ ਤਾਂ ਔਰਤਾਂ

ਨਾਲ ਜੁੜਦੇ ਬਹੁਤ ਮੁੱਦੇ ਸਾਡੇ ਸਾਹਮਣੇ ਆ ਰਹੇ ਹਨ। ਇਕ ਮੁੱਦਾ ਮਰਦ ਪ੍ਰਧਾਨ ਸਾਜ ਦੇ ਵਿਰੁੱਧ ਔਰਤ ਦੀ ਬਗਾਵਤ ਦਾ ਹੈ। ਇਕ ਔਰਤ ਮਰਦ ਪ੍ਰਧਾਨ ਸਮਾਜ ਦੇ ਖਿਲਾਫ਼ ਬਗਾਵਤ ਕਰਦੀ ਫੂਲਮਤੀ ਤੋਂ ਫੂਲਨ ਦੇਵੀ ਬਣਦੀ ਹੈ ਪਰ ਫਿਰ ਕਿਸੇ ਉਮੇਦ ਸਿੰਘ ਦੇ ਚੱਕਰ ਵਿਚ ਫੂਲਣ ਤੋਂ ਫੂਲਾਂ ਹੋ ਕੇ ਰਹਿ ਜਾਂਦੀ ਹੈ। ਔਰਤਾਂ ਮੁਕਾਬਲੇ ਦੇ ਇਮਤਿਹਾਨਾਂ ਵਿਚ ਕਾਮਯਾਬ ਹੋ ਕੇ ਵੱਡੀਆਂ ਤੋਂ ਵੱਡੀਆਂ ਪਦਵੀਆਂ 'ਤੇ ਬੈਠ ਕੇ ਪ੍ਰਬੰਧਕੀ ਜ਼ਿੰਮੇਵਾਰੀਆਂ ਸੰਭਾਲਦੀਆਂ ਹਨ ਪਰ ਇਹ ਵੀ ਸੱਚ ਹੈ ਕਿ ਇਸ ਦੇ ਬਾਵਜੂਦ ਉਹਨਾਂ ਦੀ ਸਮਾਜ ਵਿਚ ਇਹ ਇਜ਼ੱਤ ਹੈ ਕਿ ਉਹ ਜੰਮਣ ਤੋਂ ਪਹਿਲਾਂ ਹੀ ਕੁੱਖ 'ਚ ਹੀ ਮਾਰ ਦਿੱਤੀਆਂ ਜਾਂਦੀਆਂ ਹਨ। ਹੁਣ ਮੈਂ ਆਪਣੀ ਅਗਲੀ ਯਾਦ ਬਾਰੇ ਤੁਹਾਡੇ ਨਾਲ ਗੱਲ ਕਰਦੀ ਹਾਂ ਤੇ ਉਹ ਯਾਦ ਹੈ ਗਦਰੀ ਗੁਲਾਬ ਕੌਰ ਦੀ ਗਾਥਾ।

ਸੰਦੀਪ : ਮੈਂ ਗੁਲਾਬ ਕੌਰ ਹਾਂ। ਇਤਿਹਾਸ ਵਿਚ ਮੇਰਾ ਨਾ ਸਦਰ ਲਹਿਰ ਨਾਲ ਜੁੜਦਾ ਹੈ। ਮੇਰਾ ਵਿਆਹ ਮਾਨ ਸਿੰਘ ਨਾਲ ਹੋਇਆ ਸੀ। ਰੋਜ਼ੀ ਰੋਟੀ ਲਈ ਮਾਨ ਮੈਨੂੰ ਨਾਲ ਲੈ ਕੇ ਮਨੀਲਾ ਪਹੁੰਚ ਗਿਆ। ਸਾਡਾ ਅੰਤਿਮ ਟੀਚਾ ਉਥੋਂ ਅਮਰੀਕਾ ਜਾਣਾ ਸੀ। ਇਕ ਦਿਨ ਜਦੋਂ ਗੁਰਦੁਆਰਾ ਸਾਹਿਬ ਵਿਚ ਹਾਫ਼ਜ ਅਬਦੁੱਲਾ ਜਿਹੜਾ ਗਦਰ ਲਹਿਰ ਦਾ ਆਗੂ ਸੀ, ਨੇ ਗਦਰ ਲਹਿਰ ਲਈ ਕੰਮ ਕਰਨ 'ਤੇ ਵਾਪਸ ਭਾਰਤ ਜਾਣ ਲਈ ਕਿਹਾ ਤਾਂ ਮੈਂ ਇਕ ਦਮ ਆਪਣਾ ਹੱਥ ਖੜਾ ਕਰ ਦਿੱਤਾ। ਮੇਰਾ ਘਰ ਵਾਲਾ ਪਹਿਲਾਂ ਤਾਂ ਜਕੋਤੱਕੀ ਵਿਚ ਸੀ ਪਰ ਮੈਂ ਉਸਦਾ ਹੱਥ ਫੜ ਕੇ ਉਚਾ ਕੀਤਾ। ਸਾਰੀ ਸੰਗਤ ਵਿਚ ਮੈਂ ਇਕੱਲੀ ਔਰਤ ਸਾਂ, ਜਿਸ ਨੇ ਗਜ ਵਜ ਕੇ ਬਗਾਵਤ ਵਿਚ ਹਿੱਸਾ ਪਾਉਣ ਦਾ ਵਚਨ ਦਿੱਤਾ ਸੀ।

ਹਿੰਦੁਸਤਾਨ ਵਲੋਂ ਜਹਾਜ ਅਗਲੇ ਦਿਨ ਰਾਤੀਂ 8 ਵਜੇ ਚੱਲਣਾਂ ਸੀ ਤਹਿ ਇਹ ਹੋਇਆ ਸੀ ਕਿ 4 ਵਜੇ ਤੋਂ ਪਹਿਲਾਂ ਅਸੀਂ ਸਾਰੇ ਗੁਰਦੁਆਰੇ 'ਚ ਇਕੱਠੇ ਹੋਵਾਂਗੇ, ਅਰਦਾਸ ਕਰਾਂਗੇ ਤੇ ਫਿਰ ਜਹਾਜ਼ੇ ਚੜ੍ਹਾਂਗੇ। ਮੈਂ ਪੂਰੀ ਤਿਆਰੀ ਕਰ ਲਈ ਸੀ। ਮੇਰਾ ਘਰ ਵਾਲਾ ਸਵੇਰ ਦਾ ਸੂਟ ਕੇਸ ਠੀਕ ਕਰਾਉਣ ਗਿਆ ਸੀ ਪਰ ਅਜੇ ਤਕ ਵਾਪਸ ਨਹੀਂ ਸੀ ਆਇਆ। ਮੈਨੂੰ ਬੜੀ ਫਿਕਰ ਹੋਣ ਲਗੀ ਸੀ। ਕਦੇ ਮੈਂ ਖਿੜਕੀ ਥਾਣੀ ਤ ਕਦੇ ਦਰਵਾਜ਼ੇ ਥਾਣੀ ਬਾਹਰ ਵੇਖਦੀ ਸੀ। ਫਿਰ ਇਕ ਦਮ ਮਾਨ ਸਿੰਘ ਦੀ ਆਵਾਜ਼ ਆਉਂਦੀ ਹੈ ਉਹ ਨਸ਼ੇ ਵਿਚ ਹੈ

ਮਾਨ ਸਿੰਘ : ਗੁਲਾਬੋ, ਤੂੰ ਕੌਣ ਹੁੰਦੀ ਏਂ ਮੇਰਾ ਹੱਥ ਖੜਾ ਕਰਨ ਵਾਲੀ ? ਦੱਸ ਮੈਨੂੰ ਤੂੰ ਕੌਣ ਹੁੰਦੀ ਏਂ ?

ਗੁਲਾਬ ਕੌਰ : ਆ ਗਿਆ ਏਂ ? ਮੈਂ ਕਦੇ ਦੀ ਉਡੀਕਦੀ ਸਾਂ

ਮਾਨ ਸਿੰਘ : ਹਾਂ, ਆ ਗਿਆ। ਆਉਣਾ ਹੀ ਸੀ, ਪਰ ਤੂੰ ਕਿਉਂ ਉਡੀਕਦੀ ਸੀ ?

ਗੁਲਾਬ ਕੌਰ : ਅਸੀਂ ਹਿੰਦੁਸਤਾਨ ਵਾਪਸ ਜਾਣਾ ਏ ਤੇ ਜਹਾਜ ਦੇ ਪੁੱਜਣ ਲਈ ਸਿਰਫ਼ ਦੋ ਘੰਟੇ ਰਹਿ ਗਏ ਨੇ। ਪਰ ਤੂੰ ਜਵਾਬ ਦੇਹ ਕਿੰਨੀ ਵਾਰ ਮਨਾਂ ਕੀਤਾ ਕਿ ਪੀ ਕੇ ਨਾ ਆਇਆ ਕਰ ਪਰ ਤੂੰ ਅੱਜ ਫਿਰ ਪੀ ਕੇ ਆ ਗਿਆ।

ਮਾਨ ਸਿੰਘ : ਪੀ ਕੇ ਨਹੀਂ ਰੱਜ ਕੇ ਆਇਆਂ ਹਾਂ, ਹੂੰ ... ਜਹਾਜ਼... ਗੁਰਦੁਆਰਾ... ਅਰਦਾਸ। ਮੈਂ ਕਿਧਰੇ ਨਹੀਂ ਜਾਣਾ, ਮੈਂ ਇਥੇ ਹੀ ਰਹਿਣਾ ਏ ਫਿਰ ਅਮਰੀਕਾ ਜਾਣਾ ਏ। ਹਿੰਦੁਸਤਾਨ ਨਹੀਂ ਜਾਣਾ। ਹਿੰਦੁਸਤਾਨ, ਪੰਜਾਬ, ਪਿੰਡ, ਗੰਦਾ ਪਿੰਡ, ਰੂੜੀਆਂ ਦੀ ਬੋ ਮਾਰਦਾ ਪਿੰਡ, ਛੱਪੜ ਵਾਲਾ ਪਿੰਡ, ਆਪ ਵੀ ਉਥੇ ਹੀ ਨਹਾਓ, ਮੱਝਾਂ ਵੀ ਉਥੇ ਨਹਾਉਣ ਤੇ ਫੋਸ ਵੀ ਉਥੇ ਹੀ ਮਾਰਨ। ਮੱਛਰਾਂ, ਮੱਖੀਆਂ ਵਾਲਾ ਗੰਦਾ ਪਿੰਡ। ਮੈਂ ਇਥੇ ਹੀ ਰਵਾਂਗਾ ਤੇ ਫਿਰ ਅਮਰੀਕਾ ਜਾਵਾਂਗਾ

ਗੁਲਾਬ ਕੌਰ : ਹਾਂ, ਅਮਰੀਕਾ, ਜਿਥੇ ਹੋਟਲਾਂ ਦੇ ਬਾਹਰ ਲਿਖਿਆ ਏ, ਕੁੱਤੇ ਤੇ ਹਿੰਦੁਸਤਾਨੀ (ਹੋਟਲਾਂ) ਇਥੇ ਨਹੀਂ ਆ ਸਕਦੇ।

ਮਾਨ ਸਿੰਘ : ਠੀਕ ਲਿਖਿਆ ਏ, ਗੰਦੇ ਬੰਦਿਆਂ ਦਾ ਕੀ ਹੱਕ ਏ ਕਿ ਉਹ ਹੋਟਲਾਂ ਵਿਚ ਜਾ ਕੇ ਗੰਦ ਪਾਉਣ। ਕੁਤੇ ਤੇ ਹਿੰਦੁਸਤਾਨੀ... ਕਿਆ ਮੇਲ ਮਿਲਾਇਆ ਅਮਰੀਕਾ ਜ਼ਿੰਦਾਬਾਦ। ਉਥੇ ਰੋਟੀ ਮਿਲਦੀ ਏ, ਪੈਸਾ ਮਿਲਦਾ ਏ, ਪੈਸਾ ਖਰਚ ਕਰੋ, ਚੰਗੀ ਤੋਂ ਚੰਗੀ ਖਾਣ ਦੀ ਚੀਜ਼ ਲਵੋ, ਘਰੇ ਬਹਿ ਕੇ ਖਾਵੋ, ਜੇ ਜੂਠ ਬਚੇ ਤਾਂ ਗਲੀ ਦੇ ਕੁੱਤੇ ਨੂੰ ਪਾ ਦਿਓ। ਪੁਚ ਪੁਚ ਪੁਚ ਐ ਕੁੱਤੇ... ਤੂੰ ਤੇ ਮੈਂ ਦੋਸਤ ਹਾਂ, ਤੈਨੂੰ ਵੀ ਹੋਟਲਾਂ 'ਚ ਨਹੀਂ ਜਾਣ ਦਿੰਦੇ ਤੇ ਮੈਨੂੰ ਵੀ ਨਹੀਂ ਜਾਣ ਦਿੰਦੇ। ਅਸੀਂ ਇਥੇ ਬਹਿ ਕੇ ਖਾਵਾਂਗੇ। ਤੂੰ ਮੇਰੇ ਮੂੰਹ ਵਿਚ ਪਾਈਂ, ਮੈਂ ਤੇਰੇ ਮੂੰਹ 'ਚ ਪਾਵਾਂਗਾ। ... ਤੂੰ ਤੇ ਮੈਂ ਦੋਸਤ... ਅਸੀਂ ਹੋਟਲਾਂ 'ਚ ਨਹੀਂ ਜਾ ਸਕਦੇ, ਪਰ ਇਥੇ ਗਲੀ 'ਚ ਬੈਠ ਕੇ ਤਾਂ ਖਾ ਸਕਦੇ ਹਾਂ।
ਹੂੰ, ਕਿਵੇਂ ਰੌਲਾ ਪਾ ਰਹੇ ਹਨ, ਅਖੇ ਸਾਡਾ ਤਨ ਗਦਰ ਲਈ, ਸਾਡਾ ਮਨ ਗਦਰ ਲਈ, ਸਾਡਾ ਧਨ ਗਦਰ ਲਈ। ਬਕਵਾਸ ਹੂੰ ... ਮੇਰਾ ਤਨ ਗਦਰ ਲਈ ਨਹੀਂ... ਮੇਰਾ ਮਨ ਗਦਰ ਲਈ ਨਹੀਂ... ਮੇਰਾ ਧਨ ਗਦਰ ਲਈ ਨਹੀਂ... ਫਿਰ ਮੈਂ ਕਿਉਂ ਜਾਵਾਂ ਮੌਤ ਦੇ ਮੂੰਹ ਵਿਚ। ਮੈਂ ਨਹੀਂ ਜਾਵਾਂਗਾ।

ਗੁਲਾਬ ਕੌਰ : ਤੇ ਤੂੰ ਨਹੀਂ ਜਾਵੇਗਾ ?

ਮਾਨ ਸਿੰਘ : ਮੈਂ ਵੀ ਨਹੀਂ ਜਾਵਾਂਗਾ ਤੇ ਤੂੰ ਵੀ ਨਹੀਂ ਜਾਵੇਗੀ।

ਗੁਲਾਬ ਕੌਰ : ਤੂੰ ਕੌਣ ਹੁੰਦਾ ਏ ਮੈਨੂੰ ਰੋਕਣ ਵਾਲਾ ?

ਮਾਨ ਸਿੰਘ : ਤੇਰਾ... ਖਸਮ... ਬਾਬੇ ਦੀ ਦੇਹ ਦੇ ਦੁਆਲੇ ਭਾਈ ਜੀ ਨੇ ਚਾਰ ਚਾਰ ਚੱਕਰ ਲਵਾਏ ਸੀ ਤੇਰੇ ਤੇ ਮੇਰੇ।

ਗੁਲਾਬ ਕੌਰ : ਅੱਜ ਮੈਂ ਤੇਰੇ ਨਾਲ ਆਪਣਾ ਰਿਸ਼ਤਾ ਤੋੜਦੀ ਹਾਂ, ਮੈਂ ਜਾਵਾਂਗੀ ਤੇਰਾ ਤੇ ਮੇਰਾ ਰਿਸ਼ਤਾ ਟੁੱਟਿਆ (ਬਾਹਰ ਚਲੀ ਜਾਂਦੀ ਹੈ)

ਮਾਨ ਸਿੰਘ : ਟੁੱਟਿਆ... ਗਈ... ਗਈ..(ਬੋਤਲ ਮੂੰਹ ਨੂੰ ਲਾ ਕੇ ਫਿਰ) ਮੈਂ ਮਾਨ ਸਿੰਘ... ਕੁੱਤਾ... ਕੁੱਤਾ... ਬਊ... ਬਊ

ਇਤਿਹਾਸ ਵਿਚ ਜਿਥੇ ਗਦਰੀ ਸੂਰਮਿਆਂ ਦੇ ਨਾਲ ਗੁਲਾਬ ਕੌਰ ਦਾ ਨਾ ਸੁਨਿਹਰੀ ਸ਼ਬਦਾਂ ਵਿਚ ਲਿਖਿਆ ਗਿਆ ਹੈ, ਉਥੇ ਨਾਲ ਹੀ ਮਾਨ ਸਿੰਘ ਵਰਗੇ ਗਦਾਰਾਂ ਨੂੰ ਵੀ ਫਿਟਕਾਰ ਪਾਈ ਹੈ। ਗਦਰੀ ਗੁਲਾਬ ਕੌਰ ਦੀ ਗਾਥਾ ਹਾਲੀਂ ਵੀ ਇਕ ਚੰਗੇ ਸਮਾਜ ਦੇ ਸੰਕਲਪ ਲਈ ਇਕ ਪ੍ਰੇਰਨਾ ਹੈ। 1943 ਵਿਚ ਜਦੋਂ ਬੰਗਾਲ ਵਿਚ ਕਾਲ ਪਿਆ ਸੀ ਤਾਂ ਇਕ ਬਹੁਤ ਵੱਡੇ ਲੇਖਕ ਕ੍ਰਿਸ਼ਨ ਚੰਦਰ ਦੀ ਕਹਾਣੀ 'ਅੰਨਦਾਤਾ' ਤੇ ਆਧਾਰਤ ਨਾਟਕ ਸੀ 'ਮੁੱਠੀ ਭਰ ਚੌਲ'। ਜਿਸ ਨੂੰ ਯਾਦ ਕਰਦਿਆਂ ਮੈਨੂੰ ਅੱਜ ਵੀ ਉੜੀਸਾ ਦੇ ਉਸ ਕਾਲ ਦੀ ਯਾਦ ਆ ਜਾਂਦੀ ਹੈ ਜਦੋਂ ਸਿਰਫ਼ ਇਕ ਲੱਪ ਚੋਲਾਂ ਲਈ ਇਸ ਧਰਤੀ ਦੀਆਂ ਔਰਤਾਂ ਨੇ ਆਪਣੀ ਇੱਜ਼ਤ ਵੇਚੀ ਸੀ ਤਾਂ ਜੋ ਉਹ ਆਪਣੇ ਭੁੱਖੇ ਬੱਚਿਆਂ ਦੇ ਢਿੱਡ ਭਰ ਸਕਣ।

ਰਾਧੇ : ਦੇਖ ਨਿਕੇ ਦੇਖ, ਮੈਂ ਤੇਰੇ ਲਈ ਚੌਲ ਲੈ ਕੇ ਆਈ, ਇਹ ਬੋਲਦਾ ਕਿਉਂ ਨਹੀਂ ਅੰਨਦੇ ?

ਅੰਨਦੇ : ਹਾਂ ਦੇਖ, ਨਿੱਕੇ ਪੁੱਤਰ ਤੇਰੀ ਮਾਂ ਤੇਰੇ ਲਈ ਚੌਲ ਲਿਆਈ ਆ।

ਰਾਧੇ : ਇਹ ਬੋਲਦਾ ਕਿਉਂ ਨਹੀਂ ਅੰਨਦੇ ? ਤੂੰ ਮੇਰੇ ਵਲ ਇੰਝ ਕਿਉਂ ਤਕ ਰਿਹਾ ? ਤੂੰ ਮੇਰੇ ਨਾਲ ਨਰਾਜ ਏ ਅੰਨਦੇ ? ਮੈਂ ਬਸ ਅੱਜ ਹੀ ਗਈ ਸਾਂ, ਫੇਰ ਕਦੇ ਨਹੀਂ ਜਾਵਾਂਗੀ। ਨਿੱਕਾ ਭੁੱਖਾ ਸੀ ਬਸ ਇਸ ਕਰਕੇ। ਪਰ ਫਿਰ ਨਹੀਂ ਜਾਵਾਂਗੀ। ਉਨਾਂ ਤੰਬੂ ਵਾਲਿਆਂ ਦੇ ਕੋਲ, ਮੈਂ ਸੋਚਿਆ ਸੀ ਸ਼ਹਿਰੋਂ ਦਾਨੀ ਆਏ ਨੇ।

ਅੰਨਦੇ : ਉਹ ਦਾਨੀ ਨਹੀਂ ਰਾਧੈ ਵਿਉਪਾਰੀ ਨੇ।

ਰਾਧੇ : ਵਿਉਪਾਰ, ਪਰ ਇਥੇ ਕੀ ਕਰਨ ਆਏ ਨੇ, ਇਥੇ ਤਾਂ ਹੁਣ ਕਿਸੇ ਕੋਲ ਕੁਝ ਵੀ ਨਹੀਂ।

ਅੰਨਦੇ : ਰਾਧੇ ਜਿਸ ਕਿਸਮ ਦਾ ਉਹ ਵਿਉਪਾਰ ਕਰ ਆਏ ਨੇ ਉਹ ਉਦੋਂ

ਹੀ ਹੁੰਦਾ ਹੈ ਜਦੋਂ ਕਿਸੇ ਕੋਲ ਕੁਝ ਨਹੀਂ ਰਹਿੰਦਾ। ਪਰ ਰਾਧੈ ਤੂੰ ਤਾਂ ਜਿਮੀਂਦਾਰਨੀ ਕੋਲ ਗਈ ਸੀ ਨਾ?

ਰਾਧੇ : ਹਾਂ ਅੰਨਦੇ, ਗਈ ਤਾਂ ਮੈਂ ਜਿਮੀਂਦਾਰਨੀ ਕੋਲ ਹੀ ਸਾਂ ਪਰ ਉਸ ਨੇ ਮੈਨੂੰ ਕੁਝ ਵੀ ਦੇਣ ਤੋਂ ਇਨਕਾਰ ਕਰ ਦਿੱਤਾ, ਜਦੋਂ ਨਿਰਾਸ਼ ਹੋ ਕੇ ਵਾਪਸ ਆ ਰਹੀ ਸੀ ਤਾਂ ਮੈਨੂੰ ਨਿੱਕਾ ਭੁੱਖ ਨਾਲ ਤੜਪਦਾ ਦਿਸਿਆ ਤਾਂ ਮੇਰੇ ਪੈਰ ਆਪਣੇ ਆਪ ਤੰਬੂ ਵਾਲਿਆਂ ਕੋਲ ਚਲ ਪਏ। ਅੰਨਦੇ, ਉਹਨਾਂ ਮੈਨੂੰ ਕਿੰਨੀ ਦੇਰ ਖੜਾਈ ਰਖਿਆ। ਜਦੋਂ ਮੇਰੀਆਂ ਲੱਤਾਂ ਜਵਾਬ ਦੇ ਗਈਆਂ ਤਾਂ ਉਹਨਾਂ ਮੈਨੂੰ ਇਕ ਲੱਪ ਚੌਲਾਂ ਦੀ ਦੇ ਦਿੱਤੀ ਤੇ ਫਿਰ ਇਕ ਦਮ ਮੈਨੂੰ ਤੰਬੂ ਦੇ ਅੰਦਰ ਖਿੱਚ ਲਿਆ ਅੰਨਦੇ, ਮੈਂ ਮਸੀਂ ਉਹਨਾਂ ਤੋਂ ਬਚ ਕੇ ਆਈ ਆਂ, ਦੇਖ ਉਹਨਾਂ ਤਾਂ ਮੇਰੀ ਚੋਲੀ ਵੀ ਪਾੜ ਦਿੱਤੀ। ਨਿੱਕੇ ਪੁੱਤ, ਉਠ ਵੇਖ ਮੈਂ ਤੇਰੇ ਲਈ ਚੌਲ ਲੈ ਕੇ ਆਈ ਆਂ, ਉੱਠ ਮੇਰਾ ਪੁਤ, ਅੰਨਦੇ, ਇਹ ਬੋਲਦਾ ਕਿਉਂ ਨਹੀਂ।

ਅੰਨਦੇ : ਰਾਧੇ ਇਹ ਹੁਣ ਨਹੀਂ ਬੋਲੇਗਾ, ਚੰਗਾ ਹੋਇਆ ਇਹ ਚੌਲ ਇਸ ਨੇ ਨਹੀਂ ਖਾਧੇ। ਇਹ ਇਸ ਨੂੰ ਪਚਣੇ ਵੀ ਨਹੀਂ ਸਨ। (ਚੌਲਾਂ ਵਲ ਵੇਖ ਕੇ) ਕਿੰਨੇ ਪਵਿੱਤਰ ਹੁੰਦੇ ਨੇ ਇਹ ਚੌਲ ਜਦੋਂ ਇਹਨਾਂ ਨੂੰ ਕਿਸਾਨ ਪੈਦਾ ਕਰਦਾ ਹੈ... ਤੇ ਕਿੰਨੇ ਜ਼ਹਿਰ ਬਣ ਜਾਂਦੇ ਨੇ ਇਹ ਚੌਲ ਜਦੋਂ ਕਾਲੇ ਹੱਥਾਂ ਵਿਚ ਚਲੇ ਜਾਂਦੇ ਨੇ। ਰੋ ਨਾ ਰਾਧੇ, ਰੋ ਨਾ ਆਪਣੇ ਨਿੱਕੇ ਦੀ ਚਿਖਾ ਅਸੀਂ ਆਪਣੇ ਖੇਤਾਂ ਵਿਚ ਬਣਾਵਾਂਗੇ ਤੇ ਉਸ ਦੀ ਚਿਖਾ ਦੀ ਰਾਖ ਹੀ ਸਾਡੇ ਖੇਤਾਂ ਨੂੰ ਨਵੀਂ ਜ਼ਿੰਦਗੀ ਦੇਵੇਗੀ

ਅੱਜ ਜਦੋਂ ਜ਼ਮੀਨ, ਹੱਲ ਵਾਹਕ ਦੀ ਦਾ ਸੰਘਰਸ਼ ਸਿਖਰਾਂ ਛੂਹ ਰਿਹਾ ਹੈ ਤਾਂ ਇਹ ਸ਼ਬਦ ਹਾਲੀ ਵੀ ਸਾਡੇ ਲੋਕਾਂ ਲਈ ਕੁਝ ਕਰਨ ਦੀ ਪ੍ਰੇਰਨਾ ਨੇ।

ਇਕ ਸਮਾਂ ਸੀ ਜਦੋਂ ਔਰਤਾਂ ਹਰ ਸਮੇਂ ਘਰ ਦੀ ਚਾਰ ਦੀਵਾਰੀ ਅੰਦਰ ਕੈਦ ਰਹਿੰਦੀਆਂ ਸਨ, ਪੂਰੀ ਤਰ੍ਹਾਂ ਮਰਦਾਂ ਤੇ ਨਿਰਭਰ ਸਨ, ਪਰ ਅੱਜ ਦੀ ਔਰਤ ਨੇ ਉਸ ਕੈਦ ਨੂੰ ਤੋੜਨਾ ਸਿਖ ਲਿਆ ਹੈ ਤੇ ਹੁਣ ਉਹ ਘਰ ਦੀ ਚਾਰ ਦੀਵਾਰੀ 'ਚ ਬਾਹਰ ਨਿਕਲ ਕੇ ਆਪਣੇ ਪੈਰਾਂ 'ਤੇ ਖੜੇ ਹੋਣ ਦਾ ਯਤਨ ਕਰਦੀਆਂ ਹਨ। ਇਸੇ ਲਈ ਉਹ ਸਕੂਲਾਂ ਕਾਲਜਾਂ, ਹਸਪਤਾਲਾਂ, ਦਫ਼ਤਰਾਂ ਵਿਚ ਕੰਮ ਕਰਦੀਆਂ ਹਨ ਪਰ ਮਰਦ ਨਹੀਂ ਚਾਹੁੰਦਾ ਕਿ ਔਰਤ ਆਤਮ ਨਿਰਭਰ ਹੋਵੇ ਜਾਂ ਉਸ ਦੇ ਨਾਲ ਮੋਢਾ ਜੋੜੇ, ਇਸੇ ਲਈ ਉਹ ਆਪਣੇ ਨਾਲ ਕੰਮ ਕਰਦੀਆਂ ਔਰਤਾਂ, ਕੁੜੀਆਂ ਨੂੰ ਆਪਣੇ ਭੱਦੇ ਮਜ਼ਾਕਾਂ ਦਾ ਹਿੱਸਾ ਬਣਾਉਂਦੇ

ਹਨ। ਉਹਨਾ ਲਈ ਉਹ ਸਿਰਫ਼ ਸ਼ੁਗਲ ਦਾ ਸਾਧਨ ਹਨ।

ਹੁਣ ਜਿਹੜੀ ਕਹਾਣੀ ਮੈਂ ਤੁਹਾਨੂੰ ਸੁਣਾਉਣ ਜਾ ਰਹੀ ਹਾਂ ਉਹ ਮੇਰੀਆਂ ਤਲਖ ਯਾਦਾਂ ਵਿਚ ਇਕ ਹੈ। ਉਹ ਦਿਨ ਰੱਖੜੀ ਵਾਲਾ ਸੀ। ਰੱਖੜੀ ਭੈਣ-ਭਰਾ ਦੇ ਪਵਿੱਤਰ ਪਿਆਰ ਦੀ ਪ੍ਰਤੀਕ ਹੈ। ਪਰ ਪੁੱਠੇ ਦਿਮਾਗ ਵਾਲਿਆਂ ਲਈ ਇਕ ਸ਼ੁਗਲ ਦਾ ਰੂਪ ਧਾਰਨ ਕਰ ਜਾਂਦੀ ਹੈ।

ਮੈਂ ਸ਼ੀਲਾ ਖੰਨਾ ਹਾਂ, ਇਕ ਸਰਕਾਰੀ ਅਦਾਰੇ ਵਿਚ ਸਟੈਨੋ ਟਾਈਪਿਸਟ ਦਾ ਕੰਮ ਕਰਦੀ ਹਾਂ। ਮੇਰੇ ਪਿਤਾ ਜੀ ਦਾ ਦਿਹਾਂਤ ਪਿਛਲੇ ਸਾਲ ਹੋ ਗਿਆ। ਇਕ ਵਿਧਵਾ ਮਾਂ ਦੀ ਧੀ, ਇਕ ਸਕੂਲ ਜਾਂਦੇ ਭਰਾ ਦੀ, ਇਕ ਕਾਲਜ ਪੜ੍ਹਦੀ ਭੈਣ ਦੀ ਵੱਡੀ ਭੈਣ। ਮੈਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤਕ ਦਫ਼ਤਰ ਵਿਚ ਕੰਮ ਕਰਦੀ ਹਾਂ। ਅੱਜ ਰੱਖੜੀ ਵਾਲਾ ਦਿਨ ਹੈ ਮੈਂ ਛੋਟੇ ਵੀਰ ਨੂੰ ਰੱਖੜੀ ਬੰਨ ਕੇ ਛੇਤੀ ਹੀ ਦਫ਼ਤਰ ਆ ਗਈ ਸਾਂ। ਮੈਨੂੰ ਯਾਦ ਹੀ ਨਹੀਂ ਰਿਹਾ ਕਿ ਅੱਜ ਦਫ਼ਤਰ 2 ਘੰਟੇ ਲੇਟ ਲੱਗਣਾ ਐ। ਮੈਂ ਇਕ ਗੱਲ ਤੁਹਾਡੇ ਨਾਲ ਹੋਰ ਸਾਂਝੀ ਕਰਨੀ ਐ। ਆਪਣੇ ਦੋ ਕੁਲੀਗਜ਼ ਬਾਰੇ। ਉਹ ਦੋਵੇਂ ਮੇਰੇ ਬਾਰੇ ਬਹੁਤ ਵਾਹਯਾਤ ਗੱਲਾਂ ਕਰਦੇ ਨੇ। ਮੈਨੂੰ ਅਪਾਣੇ ਲਈ ਇਕ ਸ਼ੁਗਲ ਦਾ ਸਾਧਨ ਮੰਨਦੇ ਨੇ। ਮੇਰੀ ਮਜ਼ਬੂਰੀ ਉਹਨਾਂ ਲਈ ਇਕ ਮਨ ਪ੍ਰਚਾਵਾ ਐ। ਜਦੋਂ ਮੈਂ ਵੱਡੇ ਸਰ ਦੇ ਕਮਰੇ ਵਿਚ ਡਿਕਟੇਸ਼ਨ ਲੈਣ ਜਾਂਦੀ ਹਾਂ ਤਾਂ ਇਹ ਦੋਵੇਂ ਜਾਣੇ ਦਰਵਾਜ਼ੇ ਨਾਲ ਕੰਨ ਲਾ ਕੇ ਅੰਦਰ ਦੀਆਂ ਗੱਲਾਂ ਸੁਣਨ ਦਾ ਯਤਨ ਕਰਦੇ ਹਨ ਤੇ ਕਦੇ ਕਦੇ ਦਰਵਾਜ਼ੇ ਦੀਆਂ ਝੀਥਾਂ ਥਾਣੀ ਅੰਦਰ ਦੇਖ ਕੇ ਕੋਸ਼ਿਸ਼ ਵੀ ਕਰਦੇ ਹਨ ਕਿ ਅੰਦਰ ਕੀ ਹੋ ਰਿਹਾ ਹੈ। ਨਾਲ ਹੀ ਮੈਂ ਤੁਹਾਨੂੰ ਆਪਣੈ ਵੱਡੇ ਸਰ ਨਾਲ ਵੀ ਮਿਲਵਾ ਦਿੰਦੀ ਹਾਂ। ਉਹ ਵੀ ਕੋਈ ਬਹੁਤ ਵਧੀਆ ਸੋਚ ਦੇ ਮਾਲਕ ਨਹੀਂ ਹਨ। ਉਹਨਾਂ ਦੇ ਮਾੜੇ ਵਤੀਰੇ ਕਰਕੇ ਹੀ ਪਹਿਲੀ ਸਟੈਨੋ ਨੇ ਆਪਣੀ ਬਦਲੀ ਇਥੋਂ ਕਰਵਾਈ ਸੀ। ਲਓ ਵੱਡੇ ਸਰ ਵੀ ਆ ਗਏ। ਉਹਨਾਂ ਮੈਨੂੰ ਅੰਦਰ ਬੁਲਾਇਆ ਐ ਮੈਂ ਜਾਂਦੀ ਹਾਂ।

ਸਰ : ਮਿਸ ਖੰਨਾ ਅੱਜ ਤੁਹਾਡਾ ਸ਼ਾਮ ਦਾ ਕੀ ਪ੍ਰੋਗਰਾਮ ਹੈ

ਮਿਸ ਖੰਨਾ : ਕੋਈ ਖਾਸ ਨਹੀਂ ਸਰ

ਸਰ : ਤਾਂ ਫਿਰ ਅੱਜ ਸ਼ਾਮ ਤੁਹਾਡਾ ਮੇਰੇ ਨਾਲ ਪ੍ਰੋਗਰਾਮ ਹੈ

ਮਿਸ ਖੰਨਾ : ਕੋਈ ਖਾਸ ਗੱਲ ਏ ਸਰ ?

ਸਰ : ਹਾਂ, ਅੱਜ ਮੇਰਾ ਬਰਥ ਡੇ ਏ।

ਮਿਸ ਖੰਨਾ : ਓ ਵਧਾਈ ਹੋਵੇ ਸਰ, ਤੁਹਾਡੇ 40ਵੀਂ ਬਰਥ ਡੇ ਦੀ

ਸਰ : (ਹੈਰਾਨ ਹੋ ਕੇ) ਤੁਹਾਨੂੰ ਕਿਸ ਤਰ੍ਹਾਂ ਪਤਾ ਕਿ ਮੈਂ 40 ਸਾਲਾਂ ਦਾ ਹਾਂ।

ਮਿਸ ਖੰਨਾ : ਸਰ, ਕਲ ਤੁਹਾਡਾ ਬਾਇਓਡੇਟਾ ਟਾਈਪ ਕੀਤਾ ਸੀ।

ਸਰ : ਮਿਸ ਖੰਨਾ, ਉਹ ਉਮਰ ਗਲਤ ਏ, ਅਸਲ ਵਿਚ ਕਾਲਜ ਵਿਚ ਦਾਖਲਾ ਲੈਣ ਲਈ ਮੈਨੂੰ ਆਪਣੀ ਉਮਰ ਵਧ ਲਿਖਾਉਣੀ ਪਈ ਸੀ।

ਮਿਸ ਖੰਨਾ : ਸਰ ਤੁਹਾਡੀ ਪਾਰਟੀ ਵਿਚ ਤੁਹਾਡੀ ਪਤਨੀ ਤੇ ਬੱਚੇ ਵੀ ਆਉਣਗੇ ਨਾ ?

ਸਰ : ਨਹੀਂ, ਉਹਨਾਂ ਨਾਲ ਤਾਂ ਸਵੇਰੇ ਹੀ ਫੰਕਸ਼ਨ ਹੋ ਗਿਆ ਸੀ। ਸੀਤਾ ਯਾਨੀ ਮੇਰੀ ਪਤਨੀ ਨੇ ਪਹਿਲਾਂ ਪੂਜਾ ਕੀਤੀ, ਮੇਰੀ ਲੰਮੀ ਉਮਰ ਲਈ ਪ੍ਰਾਰਥਨਾ ਕੀਤੀ ਫੇਰ ਪ੍ਰਸਾਦਿ ਵੰਡਿਆ।

ਮਿਸ ਖੰਨਾ : ਤੁਹਾਡੀ ਪਤਨੀ ਸੀਤਾ ਤੁਹਾਨੂੰ ਬਹੁਤ ਪਿਆਰ ਕਰਦੀ ਏ ਸਰ।

ਸਰ : ਹਾਂ, ਉਹ ਇਕ ਆਦਰਸ਼ ਭਾਰਤੀ ਪਤਨੀ ਏ।

ਮਿਸ ਖੰਨਾ : ਸਰ ਆਪਣਾ ਹੱਥ ਅਗੇ ਕਰਨਾ ਪਲੀਜ਼ ?

ਸਰ : ਕਿਉਂ ?

ਮਿਸ ਖੰਨਾ : ਇਹ ਰੱਖੜੀ ਬੰਨਣੀ ਏ

ਸਰ : ਡੈਮ ਇਟ। (ਬਾਹਰ ਆ ਕੇ) ਮਿਸ ਖੰਨਾ ਇਹ ਜੋ ਰੱਖੜੀਆਂ ਤੁਸੀਂ ਬੰਨੀਆਂ ਹੋਈਆਂ ਨੇ, ਇਨਾਂ ਦਾ ਮਤਲਬ ਸਿਰਫ਼ ਭੈਣ ਭਰਾ ਦਾ ਪਿਆਰ ਹੀ ਨਹੀਂ, ਇਹ ਸਗੋਂ ਸਮਾਜ ਵਿਚ ਔਰਤ ਵਰਗ ਦੇ ਸਤਿਕਾਰ ਦੀਆਂ ਪ੍ਰਤੀਕ ਏ ਪਰ ਤੁਸੀਂ ਕਦੇ ਇਹ ਸਮਝਣ ਦਾ ਯਤਨ ਹੀ ਨਹੀਂ ਕੀਤਾ ਕਿਉਂਕਿ ਸਾਡੇ ਸਮਾਜ ਵਿਚ ਇਸ ਦੀ ਕੀਮਤ ਕਦੇ ਵੀ ਨਹੀਂ ਪਾਈ ਗਈ। ਪਰ ਅਜ ਲੋੜ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਇਸ ਰਿਸ਼ਤੇ ਦੀ ਪਵਿੱਤਰਤਾ ਨੂੰ ਸਮਝਿਆ ਜਾਵੇ।